# ਬੱਚਿਆਂ ਲਈ ਬਾਈਬਲ

ਉਪੱਸਥਿਤ



# ਦਾਊਦ ਬਾਦਸ਼ਾਹ (ਹਿੱਸਾ 1)

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus
ਦੁਆਰਾ ਬਦਲਿਆ ਗਿਆ : Ruth Klassen
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਜਵਾਨ ਦਾਊਦ ਭੱਜ ਰਿਹਾ ਸੀ। ਬਾਦਸ਼ਾਹ ਸ਼ਾਊਲ ਉਸਨੂੰ ਮਾਰਨਾ ਚਾਹੁੰਦਾ ਸੀ। ਦਾਊਦ ਆਪਣੇ ਚਾਰ ਸੌ ਸਾਥੀਆਂ ਨਾਲ ਜੰਗਲ ਵਿੱਚ ਇੱਕ ਵੱਡੀ ਗੁਫ਼ਾ ਵਿੱਚ ਰਹਿ ਰਿਹਾ ਸੀ। ਕਦੀ ਕਦੀ, ਬਾਦਸ਼ਾਹ ਸ਼ਾਊਲ ਦੇ ਸਿਪਾਹੀ ਉਸ ਨੂੰ ਲੱਭ ਲੈਂਦੇ ਸਨ। ਪਰ ਦਾਊਦ ਚੱਲਦਾ ਰਹਿੰਦਾ ਸੀ।



ਸ਼ਾਊਲ ਦੇ ਦਾਸ ਦੋਗ ਨੇ ਬਾਦਸ਼ਾਹ ਨੂੰ ਆਖਿਆ ਕੀ ਯਾਜਕਾਂ ਨੇ ਦਾਊਦ ਨੂੰ ਭੱਜਣ ਵਿੱਚ ਮਦਦ ਕੀਤੀ ਸੀ। ਸ਼ਾਊਲ ਨੇ ਉਹਨਾਂ ਨੂੰ ਮਾਰਨ ਦਾ ਹੁਕਮ ਦਿੱਤਾ। ਪਰ ਸਿਰਫ਼ ਦੋਗ ਇਹ ਕਰਨ ਜਾ ਰਿਹਾ ਸੀ! ਉਸਨੇ ਬੜੀ ਹੀ ਕਰੂਰਤਾ ਨਾਲ ਪਚਾਸੀ ਯਾਜਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਆਪਣੀ ਤਲਵਾਰ ਨਾਲ ਮਾਰ ਦਿੱਤਾ। ਇਹ ਬੜਾ ਦੁਸ਼ਟਤਾ ਪੂਰਨ ਸੀ।





ਇੱਕ ਦਿਨ, ਸ਼ਾਊਲ ਦਾਊਦ ਨੂੰ ਲੱਭ ਰਿਹਾ ਸੀ ਅਤੇ ਤੁਰਦਾ ਹੋਇਆ ਉਸ ਗੁਫ਼ਾ ਵਿੱਚ ਚਲਾ ਗਿਆ ਜਿੱਥੇ ਦਾਊਦ ਅਤੇ ਉਸਦੇ ਸਾਥੀ ਲੁਕੇ ਸਨ। ਸ਼ਾਊਲ ਇਕੱਲਾ ਸੀ।

ਗੁਫ਼ਾ ਦੇ ਵਿੱਚ ਦਾਊਦ ਸ਼ਾਊਲ ਨੂੰ ਆਸਾਨੀ ਨਾਲ ਮਾਰ ਸਕਦਾ ਸੀ। ਉਸ ਦੀ ਬਜਾਏ ਉਹ ਘਿਸਰ ਕੇ ਕੋਲ ਗਿਆ ਅਤੇ ਸ਼ਾਊਲ ਦੇ ਕੱਪੜੇ ਨੂੰ ਆਪਣੇ ਤੇਜ ਖੰਜਰ ਨਾਲ ਕੱਟ ਲਿਆ।



ਜਦ ਸ਼ਾਊਲ ਚਲਾ ਗਿਆ, ਦਾਊਦ ਨੇ ਉਸ ਨੂੰ ਬੁਲਾਇਆ। “ਕੀ ਮੈਂ ਤੇਰੇ ਕੱਪੜੇ ਦੀ ਨੁੱਕਰ ਹੀ ਕੱਟ ਸਕਦਾ ਸੀ, ਅਤੇ ਤੈਨੂੰ ਨਹੀ ਮਾਰ ਸਕਦਾ ਸੀ, ਜਾਣੋ ਅਤੇ ਵੇਖੋ ਕੀ ਮੇਰੇ ਹੱਥਾਂ ਵਿੱਚ ਨਾ ਤਾਂ ਬਗਾਵਤ ਅਤੇ ਨਾ ਹੀ ਦੁਸ਼ਟਤਾ ਹੈ ...।”

ਸ਼ਾਊਲ ਨੇ ਆਖਿਆ ਮੈਂ ਦਾਊਦ ਨੂੰ ਦੁੱਖ ਦੇਣ ਲਈ ਮਾਫ਼ੀ ਚਾਹੁੰਦਾ ਹਾਂ। ਪਰ ਛੇਤੀ ਹੀ ਉਸਦਾ ਗੁੱਸਾ ਵਾਪਸ ਆਇਆ ਅਤੇ ਉਸ ਨੇ ਤਿੰਨ ਹਜ਼ਾਰ ਸਿਪਾਹੀਆਂ ਦੀ ਸੈਨਾ ਦਾਊਦ ਨੂੰ ਮਾਰਨ ਲਈ ਇਕੱਠੀ ਕੀਤੀ। ਇੱਕ ਰਾਤ, ਜਦ ਸੈਨਾ ਸੁੱਤੀ ਸੀ, ਦਾਊਦ ਅਤੇ ਅਬੀਸ਼ਾਹ ਉਸਦੇ ਸਿਪਾਹੀਆਂ ਵਿੱਚੋਂ ਇੱਕ,ਬਾਦਸ਼ਾਹ ਦੇ ਕੈਂਪ ਵਿੱਚ ਗਏ ਜਿੱਥੇ ਸ਼ਾਊਲ ਸੁੱਤਾ ਸੀ।





“ਪਰਮੇਸ਼ਵਰ ਨੇ ਤੇ ਦੁਸ਼ਮਣ ਨੂੰ ਅੱਜ ਦੇ ਦਿਨ ਤੇਰੇ ਹੱਥ ਵਿੱਚ ਕਰ ਦਿੱਤਾ ਹੈ,” ਅਬੀਸ਼ਾਹ ਨੇ ਘੁਸਰ ਮੁਸਰ ਕੀਤੀ। “ਕਿਰਪਾ ਕਰਕੇ ਮੈਨੂੰ ਇੱਕ ਵਾਰ ਇਸ ਨੂੰ ਇਸੇ ਜ੍ਹਗਾ ਤੇ ਆਪਣੇ ਭਾਲੇ ਨਾਲ ਮਾਰਨ ਦੇਹ: ਅਤੇ ਮੈਨੂੰ ਦੂਸਰੀ ਵਾਰ ਮਾਰਨਾ ਨਹੀ ਪਵੇਗਾ।”



ਦਾਊਦ ਨੇ ਮਨ੍ਹਾ ਕਰ ਦਿੱਤਾ। ਸ਼ਾਊਲ ਦਾ ਭਾਲਾ ਅਤੇ ਜੱਗ ਲੈਕੇ ਉਸਨੇ ਕੈਂਪ ਛੱਡ ਦਿੱਤਾ। ਪਹਾੜੀ ਦੀ ਦੂਰੀ ਤੋਂ ਦਾਊਦ ਉਦੋਂ ਤੱਕ ਚੀਕਦਾ ਰਿਹਾ ਜਦ ਤੱਕ ਸ਼ਾਊਲ ਨੇ ਉਸ ਨੂੰ ਸੁਣ ਨਹੀ ਲਿਆ। ਇੱਕ ਵਾਰ ਫੇਰ ਸ਼ਾਊਲ ਨੇ ਵੇਖਿਆ ਕੇ ਦਾਊਦ ਉਸ ਨੂੰ ਮਾਰ ਸਕਦਾ ਸੀ, ਪਰ ਉਸ ਨੇ ਨਾ ਮਾਰਿਆ। ਇੱਕ ਵਾਰ ਫਿਰ ਸ਼ਾਊਲ ਨੇ ਦਾਊਦ ਨੂੰ ਦੁੱਖ ਦੇਣ ਲਈ ਮਾਫ਼ੀ ਮੰਗੀ।ਪਰ ਦਾਊਦ ਜਾਣ ਗਿਆ ਕੀ ਉਸ ਨੂੰ ਸ਼ਾਊਲ ਦੇ ਸ਼ਬਦਾਂ ਤੇ ਵਿਸ਼ਵਾਸ਼ ਨਹੀ ਕਰਨਾ ਚਾਹੀਦਾ।



ਉਸ ਸਮੇ ਸੈਮੂਏਲ ਮਰ ਗਿਆ ਸੀ।
ਉਹ ਨਬੀ ਸੀ ਜਿਸ ਨੂੰ ਪਰਮੇਸ਼ਵਰ ਨੇ
ਪਹਿਲਾਂ ਸ਼ਾਊਲ ਦਾ ਅਤੇ ਫਿਰ ਦਾਊਦ
ਦਾ ਇਸਰਾਏਲ ਦਾ ਬਾਦਸ਼ਾਹ ਹੋਣ ਲਈ
ਅਭਿਸ਼ੇਕ ਕਰਨ ਲਈ ਕਿਹਾ ਸੀ।ਜਦ
ਫ਼ਲਿਸਤੀਆਂ ਨੇ ਇਸਰਾਏਲ ਤੇ ਹਮਲਾ
ਕੀਤਾ, ਸ਼ਾਊਲ ਨੇ ਕੁਝ ਭਿਆਨਕ ਕੀਤਾ,
ਜੋ ਪਰਮੇਸ਼ਵਰ ਨੇ ਮਨਾ ਕੀਤਾ ਸੀ।

ਉਹਨੇ ਇੱਕ ਔਰਤ ਨੂੰ ਹੁਕਮ ਦਿੱਤਾ ਕੀ ਸੈਮੂਏਲ ਨੂੰ ਮੁਰਦਿਆਂ ਵਿੱਚੋਂ ਉੱਪਰ ਬੁਲਾਵੇ। ਉਸ ਰਾਤ ਸ਼ਾਊਲ ਨੂੰ ਇੱਕ ਸੰਦੇਸ਼ ਮਿਲਿਆ।



“ ...ਪਰਮੇਸ਼ਵਰ ਤੇਰੇ ਤੋਂ ਦੂਰ ਹੋ ਗਿਆ ਹੈ ਅਤੇ ਤੇਰਾ ਦੁਸ਼ਮਣ ਬਣ ਗਿਆ ਹੈ ... ਪ੍ਰਭੂ ਨੇ ਤੇਰੇ ਰਾਜ ਨੂੰ ਤੇਰੇ ਹੱਥੋਂ ਵੰਡ ਦਿੱਤਾ ਅਤੇ ਤੇਰੇ ਗੁਆਂਢੀ ਦਾਊਦ ਨੂੰ ਦੇ ਦਿੱਤਾ ਹੈ। ਕੱਲ ਤੂੰ ਅਤੇ ਤੇਰਾ ਪੁੱਤਰ ਮੇਰੇ ਨਾਲ ਹੋਵੋਂਗੇ। ਪ੍ਰਭੂ ਇਸਰਾਏਲ ਨੂੰ ਵੀ ਫ਼ਲਿਸਤੀਆਂ ਦੇ ਹੱਥਾਂ ਵਿੱਚ ਸੌਂਪ ਦੇਵੇਗਾ। ” ਜਦ ਸ਼ਾਊਲ ਨੇ ਇਹ ਸੁਣਿਆ,
ਉਹ ਡਰ ਨਾਲ ਡਿੱਗ ਪਿਆ।



ਫ਼ਲਿਸਤੀਨ ਇਸਰਾਏਲ ਦੇ ਵਿਰੁੱਧ ਲੜੇ,
ਅਤੇ ਇਸਰਾਏਲ ਦੇ ਮਨੁੱਖ ਭੱਜ ਗਏ।
ਫ਼ਲਿਸਤੀਆਂ ਨੇ ਸ਼ਾਊਲ ਦੇ
ਪੁੱਤਰਾਂ ਨੂੰ, ਦਾਊਦ
ਦੇ ਅੱਛੇ ਦੋਸਤ
ਜੋਨਾਥਨ ਨੂੰ ਵੀ
ਮਾਰਿਆ।



ਸ਼ਾਊਲ ਤੀਰਾਂ ਨਾਲ ਬਹੁਤ ਜ੍ਹਗਾ ਜਖਮੀ ਹੋਇਆ, ਅਤੇ ਉਸ ਨੇ ਆਪਣੇ ਹਥਿਆਰ ਢੋਣ ਵਾਲੇ ਨੂੰ ਕਿਹਾ, "ਆਪਣੀ ਤਲਵਾਰ ਲੈ ਅਤੇ ਮੇਰੇ ਆਰਪਾਰ ਕਰਦੇ, ਕਿਤੇ ਉਹ ਦੁਸ਼ਟ ਮਨੁੱਖ ਆ ਕੇ ਮੈਨੂੰ ਮਾਰਨ ਅਤੇ ਮੇਰੇ ਨਾਲ ਬਦਸਲੂਕੀ ਕਰਨ।" ਪਰ ਉਸ ਦਾ ਹਥਿਆਰ ਢੋਣ ਵਾਲਾ ਨਾ ਕਰ ਸਕਿਆ, ਉਹ ਬਹੁਤ ਡਰ ਗਿਆ ਸੀ। ਤਾਂ ਸ਼ਾਊਲ ਨੇ ਆਪਣੀ ਤਲਵਾਰ ਲਈ ਅਤੇ ਉਹਦੇ ਉੱਪਰ ਡਿੱਗ ਪਿਆ।





ਸ਼ਾਊਲ ਅਤੇ ਉਸਦੇ ਪੁੱਤਰਾਂ ਦੇ ਮਰੇ ਹੋਏ ਸਰੀਰ ਲੱਭਣ ਤੋਂ ਬਾਅਦ ਫ਼ਲਿਸਤੀਆਂ ਨੇ ਉਹਨਾਂ ਦੇ ਸਰੀਰਾਂ ਨੂੰ ਗੁਲਾਮ ਇਸਰਾਏਲੀ ਸ਼ਹਿਰ ਦੀਆਂ ਦੀਵਾਰਾਂ ਤੇ ਟੰਗ ਦਿੱਤਾ। ਕੁਝ ਬਹਾਦਰ ਇਸਰਾਏਲੀਆਂ ਨੇ ਉਹਨਾਂ ਦੇ ਸਰੀਰਾਂ ਨੂੰ ਛੁਡਾਅ ਕੇ ਘਰ ਵਾਪਸ ਲਿਆਂਦਾ ਅਤੇ ਵਾਪਸ ਇਸਰਾਏਲ ਵਿੱਚ ਦਫ਼ਨਾਉਣ ਤੋਂ ਪਹਿਲਾਂ ਸਾੜ ਦਿੱਤਾ।



ਜਦ ਦਾਊਦ ਨੇ ਭਿਆਨਕ ਖਬਰ ਸੁਣੀ, ਉਸ ਨੇ ਅਫ਼ਸੋਸ ਕੀਤਾ ਅਤੇ ਰੋਇਆ, ਅਤੇ ਸ਼ਾਮ ਤੱਕ ਸ਼ਾਊਲ, ਉਸਦੇ ਪੁੱਤਰ ਜੋਨਾਥਨ ਅਤੇ ਇਸਰਾਏਲੀ ਲੋਕਾਂ ਲਈ ਉਪਵਾਸ ਕੀਤਾ, ਕਿਉਂਕਿ ਉਹ ਤਲਵਾਰ ਦੇ ਨਾਲ ਗਿਰਾਏ ਗਏ ਸਨ।

ਭਾਵੇਂ ਸ਼ਾਊਲ ਨੇ ਦਾਊਦ ਨੂੰ ਮਾਰਨ ਦੀ ਕੋਸ਼ੀਸ਼ ਕੀਤੀ, ਦਾਊਦ ਨੇ ਸ਼ਾਊਲ ਨੂੰ ਸਨਮਾਨ ਦਿੱਤਾ ਕਿਉਂਕਿ ਉਹ ਪਰਮੇਸ਼ਵਰ ਦੁਆਰਾ ਅੰਤ ਤੱਕ ਅਭਿਸ਼ੇਕ ਕੀਤਾ ਹੋਇਆ ਸੀ। ਹੁਣ ਪਰਮੇਸ਼ਵਰ ਨੇ ਦਾਊਦ ਨੂੰ ਸ਼ਾਊਲ ਦੀ ਜੁਗਾ ਬਾਦਸ਼ਾਹ ਬਣਾ ਕੇ ਸਨਮਾਨਿਤ ਕੀਤਾ।



# ਦਾਊਦ ਬਾਦਸ਼ਾਹ (ਹਿੱਸਾ 1)

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 24–31, 2 ਸੈਮੂਏਲ 1-2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16